# ਨਾਮਧਾਰੀ ਪੰਥ ਦੀਆਂ ਦੋ ਮਹਾਨ ਬੀਬੀਆਂ

## 30ਵਾਂ ਵਾਰਸ਼ਿਕ ਸੰਮੇਲਨ

ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜੱਥਾ

ਸ੍ਰੀ ਭੈਣੀ ਸਾਹਿਬ, ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

# ਬੀਬੀ ਹੁਕਮ ਕੌਰ ਜੀ

ਭਾਰਤ ਦੀ ਜੰਗ-ਏ-ਆਜਾਦੀ ਦੇ ਮੁੱਖ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ 1857 ਈ: ਨੂੰ ਖਾਲਸੇ ਦੀ ਸੰਤ ਖਾਲਸੇ ਦੇ ਰੂਪ ਵਿੱਚ ਪੁਨਰ ਸਿਰਜਨਾ ਕਰਕੇ ਆਜਾਦੀ ਅੰਦੋਲਨ ਨੂੰ ਸ਼ੁਰੂ ਕੀਤਾ। ਜਿਥੇ ਆਪ ਜੀ ਨੇ ਅਸਹਿਯੋਗ (Boycot) ਨੂੰ ਇਕ ਰਾਜਸੀ ਹਥਿਆਰ ਦੇ ਤੌਰ ਤੇ ਵਰਤ ਕੇ ਸੱਤ ਸਮੁੰਦਰੋਂ ਪਾਰੋਂ ਆਏ। ਬ੍ਰਿਟਿਸ਼ ਸਾਮਰਾਜਵਾਦੀਆਂ ਨੂੰ ਭਾਜੜਾਂ ਪਾ ਦਿੱਤੀਆਂ। ਉੱਥੇ ਸਮਾਜਿਕ ਉਥਾਨ ਲਈ ਮਾਨਵੀ ਕਦਰਾਂ ਕੀਮਤਾਂ ਦਾ ਪ੍ਰਚਾਰ ਆਰੰਭਿਆ। ਏਸੇ ਹੀ ਸੰਦਰਭ ਵਿੱਚ ਆਪ ਜੀ ਨੇ ਸਮਾਜ ਦੇ ਇੱਕ ਅਣਗੌਲੇ ਹਿੱਸੇ ਇਸਤਰੀ ਜਾਤੀ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਸ ਬਾਰੇ ਮਹਾਨ ਸਿੱਖ ਚਿੰਤਕ ਸ੍ਰ: ਕਪੂਰ ਸਿੰਘ ਆਈ. ਸੀ. ਐਸ. ਇੰਜ ਲਿਖਦੇ ਹਨ:-

''ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ, ਜਿਨ੍ਹਾਂ ਨੇ ਸਮਾਜ ਵਿੱਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿੱਚ ਸਫਲ ਹੋਏ। ਜੋ ਉਹਨਾਂ ਨੇ ਦੇਸ਼ ਤੇ ਜਾਤੀ ਲਈ ਮਹਾਨ ਕੰਮ ਕੀਤੇ ਹਨ। ਉਹ ਛੱਡ ਵੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿੱਚ ਬਰਾਬਰ ਦੇ ਹੱਕਦਾਰ ਹਨ। ਉਹਨਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ ਵਿੱਚ ਖੜ੍ਹਾ ਕਰ ਦਿੰਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਦੀਆਂ ਪਾਤਰ ਨਾਮਧਾਰੀ ਦੇਵੀਆਂ ਨੇ ਆਜ਼ਾਦੀ ਦੇ ਘੋਲ ਵਿੱਚ ਜੋ ਮਹਾਨ ਹਿੱਸਾ ਪਾਇਆ ਉਸਨੂੰ ਪੜ੍ਹ ਸੁਣ ਕੇ ਫਖਰ ਨਾਲ ਸਿਰ ਉੱਚਾ ਹੋ ਜਾਂਦਾ ਹੈ। ਇਹਨਾਂ ਕੌਮੀ ਸੰਘਰਸ਼ ਨੂੰ ਸਮਰਪਿਤ ਮਹਾਨ ਇਸਤਰੀਆਂ ਵਿਚੋਂ ਮਾਤਾ ਹੁਕਮੀ ਦਾ ਨਾਂ ਵਿਸ਼ੇਸ਼ ਤੌਰ ਤੇ ਜਿਕਰਯੋਗ ਹੈ। ਸੂਬਾ ਹੁਕਮ ਕੌਰ ਅਤੇ ਮਾਈ ਮਹਾਤਮਾ ਦੇ ਨਾਂ ਨਾਲ ਜਾਣੀ ਜਾਂਦੀ ਬੀਬੀ ਹੁਕਮੀ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਤਰਨਤਾਰਨ ਦੇ ਨਜ਼ਦੀਕ ਪੈਂਦੇ ਪਿੰਡ ਵਰਿਆਹਾਂ ਵਿਖੇ ਸ੍ਰ: ਰਤਨ ਸਿੰਘ ਸੰਧੂ ਦੇ ਘਰ ਮਾਤਾ ਵੰਤੀ ਦੀ ਕੁਖੋਂ 19 ਵੀਂ ਸਦੀ ਦੇ ਚੌਥੇ ਦਹਾਕੇ ਦੇ ਅਖੀਰ ਵਿੱਚ ਹੋਇਆ। ਚਾਰ ਭਰਾਵਾਂ (ਗਹਿਲ ਸਿੰਘ, ਕਰੋੜਾ



Sri Satguru Jagjit Singh Ji eLibrary NamdhariElibrary@gmail.com

ਸਿੰਘ, ਹਜ਼ੂਰਾ ਸਿੰਘ ਅਤੇ ਪ੍ਰੀਤਮ ਸਿੰਘ) ਦੀ ਪਿਆਰੀ ਭੈਣ ਹੁਕਮਾ ਦੀ ਸ਼ਾਦੀ 11 ਕੁ ਸਾਲ ਦੀ ਉਮਰ ਵਿੱਚ ਨੰਦ ਸਿੰਘ ਨਾਲ ਹੋਈ। ਸੰਤ ਮਿਸ਼ਰਾ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੇ ਡੇਰੇ ਰਹਿ ਕੇ ਆਪ ਨੇ ਆਦਿ ਸ੍ਰੀ ਗ੍ਰੰਥ ਸਾਹਿਬ, ਦਸਮ ਸ੍ਰੀ ਗ੍ਰੰਥ ਸਾਹਿਬ ਅਤੇ ਵੇਦਾਂਤ ਵਿੱਦਿਆ ਦਾ ਡੂੰਘਾ ਅਧਿਐਨ ਕੀਤਾ। ਸੰਤਨੀ ਚਰਨ ਕੌਰ ਦੀ ਸੰਗਤ ਨਾਲ ਸੁਰਤ ਸ਼ਬਦ ਦਾ ਅਭਿਆਸ ਕਰ ਆਤਮਦਰਸੀ ਹੋ ਗਈ। ਆਪ ਹਰ ਰੋਜ਼ ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਬੁੰਗੇ ਵਿਖੇ ਕਥਾ ਕਰਨ ਲਗੇ। 1862 ਈ: ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਦੀਵਾਲੀ ਦੇ ਅਵਸਰ ਤੇ ਦਰਸ਼ਨ ਦਿੱਤੇ। ਅਨੇਕਾ ਲੋਕ ਨਾਮ ਦਾ ਪਿਆਲਾ ਪੀ ਸੰਤ ਖਾਲਸੇ ਵਿੱਚ ਸ਼ਾਮਿਲ ਹੋਏ। ਬੀਬੀ ਹੁਕਮੀ ਜੀ ਦੇ ਵੀ ਪੂਰਬਲੇ ਭਾਗ ਜਾਗ ਪਏ ਤੇ ਉਹ ਵੀ ਨਾਮ ਦੀ ਦਾਤ ਲੈ ਨਾਮਧਾਰੀ ਸਜ ਗਏ ਤੇ ਉਸੇ ਦਿਨ ਤੋਂ ਹੀ ਆਪ ਨੇ ਆਪਣਾ ਜੀਵਨ ਗੁਰਮਤਿ ਪ੍ਰਚਾਰ ਨੂੰ ਸਮਰਪਿਤ ਕਰ ਦਿੱਤਾ। ਸਤਿਗੁਰੂ ਜੀ ਨੇ ਪਹਿਲੇ ਪੰਜ ਸੂਬਿਆਂ ਦੀ ਸਥਾਪਨਾ 1861 ਈ: ਵਿੱਚ ਕੀਤੀ ਸੀ। 1863 ਈ: ਵਿੱਚ ਅਨੰਦ ਕਾਰਜਾਂ ਵਾਲੇ ਮੇਲੇ ਤੋਂ ਬਾਅਦ ਇਹਨਾਂ ਸੂਬੇ ਸਹਿਬਾਨਾਂ ਦੇ ਪ੍ਰਚਾਰ ਦੌਰਿਆਂ ਤੇ ਵੀ ਪਾਬੰਦੀ ਲਾ ਦਿੱਤੀ ਗਈ ਤਾਂ ਸਤਿਗੁਰੂ ਜੀ ਨੇ 17 ਹੋਰ ਸੂਬੇ ਸਹਿਬਾਨਾਂ ਦੀ ਸਥਾਪਨਾ ਕੀਤੀ। 1867 ਈ: ਵਿੱਚ ਸਤਿਗੁਰੂ ਜੀ ਵੱਲੋਂ ਆਪ (ਬੀਬੀ ਹੁਕਮੀ) ਨੂੰ ਸੂਬਾ ਪਦਵੀ ਦੇ ਕੇ ਨਿਵਾਜਿਆ ਗਿਆ। ਇਸ ਤਰਾਂ ਕਰੀਬ ਪੰਜ ਸਾਲ ਸੂਬਾ ਕਾਹਨ ਸਿੰਘ ਜੀ ਦੇ ਜਥੇ ਵਿੱਚ ਰਹਿ ਕੇ ਪ੍ਰਚਾਰ ਕਰਨ ਵਾਲੇ ਸ੍: ਸਵਰਨ ਸਿੰਘ ਜੀ 'ਵਿਰਕ' ਇਸ ਤਰ੍ਹਾਂ ਲਿਖਦੇ ਹਨ:

ਤੱਥਾਂ ਤੋਂ ਪਤਾ ਲੱਗਦਾ ਹੈ ਕਿ ਬੀਬੀ ਹੁਕਮੀ ਨਾ ਸਿਰਫ ਮਾਈ ਭਾਈਆਂ ਨੂੰ ਭਜਨ ਦੇਣ ਵਾਲੀ ਇੱਕ ਧਾਰਮਿਕ ਰਹਿਨੁਮਾ ਹੈ। ਸਗੋਂ ਸਤਿਗੁਰੂ ਰਾਮ ਸਿੰਘ ਜੀ ਉਸਨੂੰ ਕੂਟਨੀਤਿਕ ਥਾਵਾਂ ਤੇ ਨਿਯੁਕਤ ਕਰਕੇ, ਕੂਕਾ ਰਾਜਨੀਤੀ ਦੇ ਪ੍ਰੌਢ ਖਿਡਾਰੀਆਂ ਦੇ ਸੰਗ ਸਾਥ ਦਾ ਮੌਕਾ ਦੇ ਕੇ ਵਕਤ ਆਉਣ ਤੇ ਉਸਨੂੰ ਫਰੰਗੀ ਸਰਕਾਰ ਦੀਆਂ ਚੂਲਾਂ ਹਿਲਾਉਣ ਵਾਲੀ ਬਾਅਸਰ ਪਰਚਾਰਕ ਅਤੇ ਰਣਨੀਤੀਕਾਰ ਵਜੋਂ ਵਿਕਸਿਤ ਕਰਨ ਦਾ ਸੰਕਲਪ ਰਖਦੇ ਸਨ। ਜੇ ਪੰਜਾਬ ਵਿੱਚ ਕੂਕਾ ਬਗਾਵਤ ਦੇ ਪ੍ਰਚੰਡ ਹੋਣ ਦੇ ਹਾਲਾਤ ਬਣਦੇ ਤਾਂ ਸਤਿਗੁਰੂ ਰਾਮ ਸਿੰਘ ਬੀਬੀ ਹੁਕਮੀ ਨੂੰ ਝਲਕਾਰੀ ਬਾਈ ਜਾਂ ਰਾਣੀ ਲਕਸ਼ਮੀ ਬਾਈ ਦੇ ਅਗਲੇ ਸੰਸਕਰਨ ਵਿੱਚ ਬਦਲਣਾ ਚਾਹੁੰਦੇ ਸਨ। ਜਿਨ੍ਹਾਂ 1857 ਈ: ਵਿੱਚ ਕੰਪਨੀ ਸਰਕਾਰ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ।



Sri Satguru Jagjit Singh Ji eLibrary NamdhariElibrary@gmail.com

ਗਲ ਵਿੱਚ ਲੰਮਾ ਚੋਗਾ, ਸਿਰ ਤੇ ਸਿੱਧੀ ਦਸਤਾਰ, ਇਕ ਹੱਥ ਸਲੋਤਰ ਤੇ ਇਕ ਹੱਥ ਵਿੱਚ ਮਾਲਾ ਸਵਾਸ-ਸਵਾਸ ਨਾਮ ਜਪਣ ਵਾਲੀ ਇਹ ਮਾਤਾ ਵੱਖ ਵੱਖ ਇਲਾਕਿਆਂ ਵਿੱਚ ਜਾ ਕੇ ਨਾਮ, ਦਾਨ, ਇਸ਼ਨਾਨ, ਸੱਚ-ਸੋਧ ਅਤੇ ਸ੍ਵੈ ਰਾਜ ਦਾ ਪ੍ਰਚਾਰ ਕਰਨ ਲੱਗੇ। ਆਪ ਦੇ ਪ੍ਰਭਾਵ ਨਾਲ ਮਾਝਾ, ਨੱਕਾ, ਦੜਪ, ਕੰਢੀ ਆਦਿਕ ਇਲਾਕਿਆਂ ਵਿੱਚ ਅਨੇਕਾਂ ਲੋਕ ਨਾਮਧਾਰੀ ਸੱਜ ਗਏ। ਆਪ ਰੋਜ਼ਾਨਾ ਦੋ ਵਜੇ ਅੰਮ੍ਰਿਤ ਵੇਲੇ ਉੱਠ, ਇਸ਼ਨਾਨ ਕਰ, ਪੰਜ ਗ੍ਰੰਥੀ ਦਾ ਪਾਠ ਕੰਠੋ ਕਰਕੇ, ਅੱਠੀਂ ਪਹਿਰੀ ਪਰਸ਼ਾਦਾ ਛਕਦੇ ਸਨ। ਜ਼ਿਲ੍ਹਾ ਫਿਰੋਜ਼ਪੁਰ, ਪਟਿਆਲਾ, ਨਾਭਾ ਅਤੇ ਸੰਗਰੂਰ ਦੀਆਂ ਰਿਆਸਤਾਂ ਵਿੱਚ ਆਪ ਨੇ ਘੋੜ ਸਵਾਰ ਹੋ ਜੋ ਪ੍ਰਚਾਰ ਕੀਤਾ। ਉਸਦਾ ਬਹੁਤ ਵੱਡਾ ਅਸਰ ਹੋਇਆ ਜਦੋਂ ਜਨਵਰੀ 1872 ਈ: ਨੂੰ ਸ੍ਰੀ ਸਤਿਗੁਰੂ ਜੀ ਦੇ ਜਲਾਵਤਨ ਹੋਣ ਵਾਲਾ ਭਾਣਾ ਵਰਤਿਆ ਤਾਂ ਉਸ ਵੇਲੇ ਮਾਤਾ ਹੁਕਮੀ ਵੀ ਮਾਈ ਭਾਗਣ (ਸਾਹਬਾਜਪੁਰਾ ਜ਼ਿਲਾ ਅੰਮ੍ਰਿਤਸਰ) ਸਹਿਤ ਸ੍ਰੀ ਭੈਣੀ ਸਾਹਿਬ ਹੀ ਸਨ। ਸਤਿਗੁਰੂ ਜੀ ਨੂੰ ਲੁਧਿਆਣੇ ਤੋਂ ਪ੍ਰਾਗਰਾਜ ਨੂੰ ਤੋਰ ਕੇ ਡੀ.ਸੀ. ਕਾਵਨ ਨੇ ਮਿਸਟਰ ਬੇਲੀ ਨੂੰ 40 ਘੋੜ ਸਵਾਰ ਗੋਰਖੇ ਦੇ ਕੇ ਬਾਕੀ ਡੇਢ ਸੌ ਦੇ ਕਰੀਬ ਮਰਦ, ਔਰਤਾਂ, ਬੱਚੇ, ਬੁੱਢੇ ਸਨ। ਇਨ੍ਹਾਂ ਸਭਨਾਂ ਨੂੰ ਮਾਘ ਦੀ ਕਕਰੀਲੀ ਰਾਤ ਵਿੱਚ ਭੈਣੀ ਸਾਹਿਬ ਤੋਂ ਪੈਦਲ ਤੋਰ ਕੇ ਲੁਧਿਆਣੇ ਪਹੁੰਚਾਇਆ ਗਿਆ। ਕੁਝ ਦਿਨ ਲੁਧਿਆਣੇ ਰੱਖ ਕੇ ਆਪੋ ਆਪਣੇ ਜ਼ਿਲਿਆਂ ਨੂੰ ਤੋਰ ਦਿੱਤਾ ਤੇ ਨਾਲ ਹੀ ਹੁਕਮ ਦਿੱਤਾ ਕਿ ਆਪੋ ਆਪਣੇ ਪਿੰਡਾਂ ਨੂੰ ਚਲੇ ਜਾਓ ਨਹੀਂ ਤਾਂ ਬਹੁਤ ਤਕਲੀਫ ਦਿਆਂਗੇ। ਕੋਈ ਵੀ ਦੁਬਾਰਾ ਭੈਣੀ ਵਿੱਚ ਨਾ ਜਾਵੇ। ਤੁਹਾਡੇ ਘਰ ਵਿੱਚ ਕੋਈ ਕੂਕਾ ਨਾ ਆਵੇ। ਜੇ ਕਿਤੇ ਜਾਣਾ ਹੋਵੇ ਤਾਂ ਥਾਣੇ ਇਤਲਾਹ ਦੇ ਕੇ ਜਾਓ। ਕਿਤੇ ਵੀ ਪੰਜ ਕੂਕੇ ਇੱਕਠੇ ਨਾ ਹੋਣ। ਅਜਿਹਾ ਨਾ ਕਰਨ ਤੇ ਸਜਾ ਦਿਤੀ ਜਾਵੇਗੀ।

ਮਾਤਾ ਹੁਕਮੀ ਜੀ ਨੂੰ ਵੀ ਲੁਧਿਆਣੇ ਦੀ ਜੇਲ੍ਹ ਵਿਚ ਰੱਖ ਕੇ ਅੰਮ੍ਰਿਤਸਰ ਜ਼ਿਲੇ ਦੇ ਡੀ.ਸੀ. ਦੇ ਸਪੁਰਦ ਕਰ ਦਿੱਤਾ ਗਿਆ। ਅੰਮਿਮ੍ਰਤਸਰ ਤੋਂ ਡੀ. ਸੀ. ਨੇ ਉਹਨਾਂ ਨੂੰ ਵਰਿਆਂਹ ਨਗਰ ਭੇਜ ਕੇ ਨਜ਼ਰਬੰਦ ਕਰ ਦਿੱਤਾ। ਘਰ ਵਿੱਚ ਰਹਿੰਦਿਆਂ ਆਪ ਨੇ ਇਕ ਰਸ ਭਜਨ, ਬੰਦਗੀ, ਸਾਧ ਸੰਗਤ ਦੀ ਸੇਵਾ, ਕਥਾ ਕੀਰਤਨ ਅਤੇ ਬੱਚਿਆਂ ਨੂੰ ਧਾਰਮਿਕ ਵਿੱਦਿਆ ਪੜ੍ਹਾਉਣ ਵਿੱਚ ਆਪਣਾ ਸਮਾਂ ਲੰਘਾਉਣਾ ਸ਼ੁਰੂ ਕਰ ਦਿੱਤਾ। ਆਪ ਦੇ ਪ੍ਰਭਾਵ ਨਾਲ ਬਹੁਤ ਸਾਰੇ ਲੋਕ ਸੰਤ ਖਾਲਸਾ ਸਜ ਗਏ। ਸਤਿਗੁਰੂ ਰਾਮ ਸਿੰਘ ਜੀ ਦਾ ਵਿਯੋਗ ਲਕੜੀ ਦੇ ਘੁਣ ਵਾਂਗ ਅੰਦਰੋਂ-ਅੰਦਰੀਂ ਖਾਈ ਜਾ ਰਿਹਾ ਸੀ । ਓਧਰੋਂ ਭੈਣੀ ਸਾਹਿਬ ਵਿੱਚ ਪੁਲਿਸ ਦੀਆਂ ਸਖ਼ਤੀਆਂ ਅਤੇ ਗੁਰੂ ਦਰਬਾਰ ਦੇ ਦਰਸ਼ਨਾਂ ਤੋਂ ਵਾਂਝੇ ਸਿੱਖਾਂ ਦੀਆਂ ਸੋਆਂ ਸੁਣ ਕੇ ਮਨ ਕਰ ਗਏ। ਜਿਸ ਬਾਰੇ ਸਤਿਗੁਰੂ ਰਾਮ ਸਿੰਘ ਜੀ ਸੰਤ ਨੈਣਾ ਸਿੰਘ ਦੇ ਨਾਂ ਭੇਜੇ ਹੁਕਮਨਾਮੇ ਵਿੱਚ ਇਸ ਤਰ੍ਹਾਂ ਜਿਕਰ ਕਰਦੇ ਹਨ:-



Sri Satguru Jagjit Singh Ji eLibrary NamdhariElibrary@gmail.com

''ਹੋਰ ਨੈਣਾ ਸਿੰਘ ਜੀ ਤੁਮਾਰੇ ਲਿਖੇ ਕਾ ਸਭ ਉੱਤਰ ਦੀਆ ਹੈ। ਹੁਕਮ ਕੌਰ ਨੂੰ ਮੇਰੀ ਰਾਮ ਸਤਿ ਵਾਚਣੀ ਬਹੁਤ ਕਰਕੇ। ਬੜਾ ਗਜਬ ਹੋਇਆ ਮੁਟਿਆਰ ਕੁੜੀ ਦਾ ਰੰਡੀ ਹੋਇ ਜਾਣਾ। ਕੁਛ ਬੱਸ ਨਹੀਂ ਹੈ ਕਿਸੇ ਦੇ, ਰਜਾਇ ਪ੍ਰਮੇਸ਼ਰ ਦੀ। ਕੁੜੀਏ ਭਜਨ ਬਾਣੀ ਕਰ ਤਕੜੀ ਹੋ ਕੇ, ਹੋਰ ਤਾਂ ਕੋਈ ਜਤਨ ਨਹੀਂ ਹੋਇ ਸਕਦਾ, ਹਣ ਗੋਬਿੰਦ ਦਾ ਭਾਣਾ ਮੰਨੇ।''

ਇਕ ਦਿਨ ਇਨ੍ਹਾਂ ਸੋਚਾਂ ਵਿੱਚ ਹੀ ਡੁੱਬੇ ਪਿਆ ਰਾਤ ਸਤਿਗੁਰੂ ਜੀ ਦਰਸ਼ਨ ਦਿੱਤਾ, ਸਿਰ ਹੱਥ ਰੱਖ ਕੇ ਪਿਆਰ ਦਿੱਤਾ ਅਤੇ ਅਸ਼ੀਰਵਾਦ ਦਿੰਦੇ ਹੋਏ ਫੁਰਮਾਇਆ:-

''ਪੁਤਰੀ ਭਜਨ ਬਾਣੀ ਸਿਮਰਨ ਵਿਚ ਕੁਲ ਸਮਾਂ ਬਿਤਾਓ। ਜ਼ੁਲਮ ਦੀ ਹਨੇਰੀ ਥੋੜ੍ਹਾ ਚਿਰ ਹੁੰਦੀ ਹੈ। ਕਾਦਰ ਦੀ ਕੁਦਰਤ ਅਨੁਸਾਰ ਉਸ ਤੋਂ ਬਾਅਦ ਆਕਾਸ਼ ਸਾਫ ਹੋ ਜਾਂਦਾ ਹੈ। ਖਿਮਾ ਧੀਰਜ ਨਾਲ ਜ਼ਾਲਮ ਦਾ ਜਬਰ ਸਹਿ ਜਾਣਾ ਜਾਲਮ ਦੀ ਹਕੂਮ ਨੂੰ ਤਬਾਹ ਕਰ ਦੇਵੇਗਾ। ਤੇਰੀ ਕੋਈ ਹਵਾ ਵੱਲ ਨਹੀਂ ਵੇਖ ਸਕਦਾ। ਸਤਿਗੁਰੂ ਤੇਰੇ ਅੰਗ ਸੰਗ ਹਨ।''

ਜਿਥੇ ਗੁਰੂ ਬਚਨਾਂ ਨੇ ਮਨ ਨੂੰ ਧਰਵਾਸ ਬੰਨ੍ਹਾਈ ਉਥੇ ਅਗਲੇ ਹੀ ਦਿਨ ਸੰਤ ਬਚਨ ਸਿੰਘ ਜੀ ਭੰਮਾ ਬੱਦੀ ਵਾਲਿਆਂ ਪਾਸੋਂ ਸ੍ਰੀ ਭੈਣੀ ਸਾਹਿਬ ਦੇ ਅਤੇ ਕੂਕਿਆਂ ਦੇ ਤਾਜ਼ਾ ਦੁਖਮਈ ਹਾਲਾਤਾਂ ਨੂੰ ਜਾਣ ਕੇ ਮਨ ਤੜਫ ਉਠਿਆ। ਹੁਣ ਮਾਤਾ ਹੁਕਮੀ ਜੀ ਘਰ ਨਾ ਬੈਠ ਸਕੇ ਤੇ ਰਾਤ ਨੂੰ ਘੋੜੇ ਤੇ ਸਵਾਰ ਹੋ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾ ਦਿੱਤੇ। ਯਾਦ ਰਹੇ ਕਿ ਤਦ ਬਾਬਾ ਬੁੱਧ ਸਿੰਘ ਜੀ ਗੁਰੂ ਹਰੀ ਸਿੰਘ ਜੀ ਦੇ ਰੂਪ ਵਿੱਚ ਪ੍ਰਗਟ ਹੋ ਚੁੱਕੇ ਸਨ। ਉਹਨਾਂ ਦਾ ਜੱਸ ਵੀ ਸੰਸਾਰ ਵਿੱਚ ਫੈਲ ਰਿਹਾ ਸੀ। ਇਸ ਤਰ੍ਹਾਂ ਬੀਬੀ ਹੁਕਮੀ ਕਰੀਬ ਛੇ ਸਾਲ ਬਾਅਦ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਗੁਰੂ ਦਰ ਤੇ ਆਪਣਾ ਮਸਤਕ ਝੁਕਾਇਆ। ਬੜੀ ਮੁਸ਼ਕਿਲ ਨਾਲ ਗੁਰੂ ਦਰਸ਼ਨ ਦੀ ਪ੍ਰਾਪਤੀ ਹੋਈ। ਹਿਰਦੇ ਦਾ ਪ੍ਰੇਮ ਹੰਝੂ ਬਣ ਨੇਤਰਾਂ ਰਸਤੇ ਵਹਿ ਤੁਰਿਆ। ਤਿੰਨ ਹਜ਼ਾਰ ਰੁਪਇਆ ਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿੱਚ ਸਾਦਰ ਭੇਟ ਕੀਤਾ। ਜਿੰਨੇ ਦਿਨ ਆਪ ਉਥੇ ਰਹੇ 10 ਸੇਰ ਆਟਾ ਹਥੀਂ ਪੀਸ ਕੇ ਲੰਗਰ ਵਿੱਚ ਪਾਉਂਦੇ ਰਹੇ। ਪੁਲਿਸ ਦੀ ਸਖ਼ਤ ਨਿਗਰਾਨੀ ਕਰਕੇ ਆਪ ਜ਼ਿਆਦਾ ਦਿਨ ਤੱਕ ਸ੍ਰੀ ਭੈਣੀ ਸਾਹਿਬ ਨਾ ਰਹਿ ਸਕੇ ਅਤੇ ਮਾਲਵੇ ਦੇ ਪ੍ਰਚਾਰ ਨੂੰ ਨਿਕਲ ਤੁਰੇ। ਆਪ ਦੇ ਬਾਗੀਆਨਾ ਪ੍ਰਚਾਰ ਨੂੰ ਸਰਕਾਰ ਸਹਾਰ ਨਾ ਸਕੀ। ਖ਼ੁਫ਼ੀਆ ਪੁਲਿਸ ਨੇ ਪਕੜ ਕੇ ਘੋੜ ਅਤੇ ਹੋਰ ਸਮਾਨ ਜ਼ਬਤ ਕਰ ਲਿਆ। ਇਸ ਤਰ੍ਹਾਂ 1880 ਵਿੱਚ ਆਪ ਨੂੰ ਗ੍ਰਿਫਤਾਰ ਕਰਕੇ ਫਿਰੋਜ਼ਪੁਰ ਦੇ ਡੀ.ਸੀ. ਸਾਹਮਣੇ ਪੇਸ਼ ਕੀਤਾ। ਜਿਥੇ ਆਪ ਨੂੰ ਦੋ ਸਾਲ ਦੀ ਕੈਦ ਸੁਣਾਈ ਗਈ। ਭਾਵੇਂ ਸੂਬਾ ਜੀ ਨੂੰ ਰਾਜਸੀ ਕੈਦੀਆਂ ਵਿੱਚ ਹੀ ਰੱਖਿਆ ਗਿਆ ਸੀ। ਪਰ ਉਸ ਵੇਲੇ



Sri Satguru Jagjit Singh Ji eLibrary NamdhariElibrary@gmail.com

ਦੀਆਂ ਜੇਲ੍ਹਾਂ ਦਾ ਜੀਵਨ ਨਰਕ ਤੋਂ ਵੀ ਭੈੜਾ ਸੀ। ਪਰ 'ਦੁਖ ਵਿਚ ਸੁਖ ਮਨਾਈ' ਦੇ ਸਿਧਾਂਤ ਨੂੰ ਅਪਣਾ ਚੁੱਕੀ ਇਸ ਮਹਾਨ ਆਤਮਾ ਨੇ ਭੁੱਜੇ ਛੋਲੇ ਅਤੇ ਗੁੜ ਉੱਤੇ ਆਪਣਾ ਨਿਰਬਾਹ ਸ਼ੁਰੂ ਕੀਤਾ ਅਤੇ ਨਾਲ ਹੀ ਜਪ ਪ੍ਰਯੋਗ ਸ਼ੁਰੂ ਕਰ ਦਿੱਤਾ। ਰਾਤ ਦਿਨ ਭਜਨ ਵਿੱਚ ਬਿਤੀਤ ਹੋਣ ਲੱਗਾ। ਜੇਲ੍ਹ ਦੇ ਹਾਲਾਤਾਂ ਦਾ ਵਰਨਣ ਕਰਦਿਆਂ ਹੋਇਆ। ਗਿਆਨੀ ਤੇਜਾ ਸਿੰਘ ਇੰਝ ਲਿਖਦੇ ਹਨ :-

"ਇਕ ਦਿਨ ਜੇਲ੍ਹਾਂ ਦਾ ਅਫਸਰ ਮਿ: ਬਰਨੇ ਜੇਲ੍ਹ ਦਾ ਮੁਆਇਨਾ ਕਰਨ ਆਇਆ। ਉਹ ਕੀ ਦੇਖਦਾ ਹੈ ਕਿ ਬੀਬੀ ਸਾਧੂਆਂ ਵਾਂਗ ਚੌਂਕੜਾ ਮਾਰ ਸਿੱਧਾ ਲੱਕ ਆਸਣ ਪੁਰ ਸਮਾਧੀ ਅਸਥਿਤ ਸ਼ਬਦ ਸੁਰਤ ਲਿਵ ਲੀਨ ਹੋ ਬੈਠੀ ਹੈ ਅਤੇ ਇਕ ਕਾਲਾ ਸੱਪ ਚਾਰ ਕੁ ਫੁੱਟ ਲੰਬਾ ਉਸਦੇ ਮੋਢਿਆਂ ਉਪਰ ਕੀ ਹੁੰਦਾ ਹੋਇਆ ਦਰਵਾਜੇ ਤੱਕ ਆ ਕੇ ਛਪਨ ਹੋ ਗਿਆ ਤਾਂ ਗੋਰੇ ਨੇ ਰੌਲੀ ਪਾਈ (ਸਨੇਕ-ਸਨੇਕ) ਇਹ ਸੁਣ ਕੇ ਉੱਥੋਂ ਦਾ ਦਰੋਗਾ ਦੀਨਾ ਨਾਥ ਆ ਗਿਆ। ਉਸਨੇ ਮਿ: ਬਰਨੇ ਨੂੰ ਇਕ ਪਾਸੇ ਲਿਜਾ ਕੇ ਦੱਸਿਆ ਕਿ ਸਾਹਿਬ ਇਹ ਤਾਂ ਕੋਈ ਸ਼ਕਤੀ ਦੇਵੀ ਹੈ। ਇਕ ਨਾਗ ਦੇਵਤਾ ਇਸਦੀ ਰੱਖਿਆ ਵਾਸਤੇ ਪਹਿਰਾ ਦਿੰਦਾ ਹੈ। ਏਥੇ ਅਸੀਂ ਅਜੀਬ ਕੌਤਕ ਦੇਖੇ ਹਨ। ਇਸ ਬੀਬੀ ਦਾ ਜੇਲ੍ਹ ਵਿੱਚ ਆਉਣ ਦਾ ਕੋਈ ਖਾਸ ਕਾਰਨ ਹੈ।

ਇੱਥੋਂ ਦੇ ਭੰਗੀ ਦਾ ਅਸਾਧ ਰੋਗ ਇਸ ਬੀਬੀ ਦੇ ਬਚਨ ਨਾਲ ਹਟ ਗਿਆ ਅਤੇ ਇਕ ਦਿਨ ਮਿ: (ਜੇਲਰ) ਏਥੇ ਆਇਆ ਤੇ ਸ਼ਰਾਬ ਪੀ ਕੇ ਉਸਦਾ ਮਨ ਮੈਲਾ ਹੋ ਗਿਆ ਤੇ ਦਰਵਾਜ਼ਾ ਖੋਲ੍ਹ ਕੇ ਅੰਦਰ ਵੜਦੇ ਨੂੰ ਨਾਗ ਨੇ ਉਸਦੇ ਹੱਥ ਤੇ ਡੰਗ ਮਾਰਿਆ ਤੇ ਉਹ ਪਿੱਛੇ ਵੱਲ ਡਿੱਗਾ ਤੇ ਸ਼ਰਮਿੰਦਾ ਹੋ ਕੇ ਨੱਠਿਆ। ਉਸੇ ਦਿਨ ਤੋਂ ਉਹ ਹਸਪਤਾਲ ਪਿਆ ਹੈ। ਰਾਤ ਨੂੰ ਖੜਾਵਾਂ ਦੀ ਆਵਾਜ਼ ਟੱਕ-ਟੱਕ ਸੁਣਦੀ ਹੈ। ਬੰਦਾ ਕੋਈ ਨਜ਼ਰ ਨਹੀਂ ਆਉਂਦਾ। ਇਹ ਦੇਵੀ ਭਗਤੀ ਸ਼ਕਤੀ ਵਾਲੀ ਹੈ। ਆਪ ਇਸਦੀ ਸਿਫਾਰਸ਼ ਕਰੋ। ਇਹ ਸਾਰੀ ਵਾਰਦਾਤ ਸੁਣ ਕੇ ਬਰਨੇ ਹੈਰਾਨ ਹੋਇਆ ਤੇ ਕਿਹਾ ਕਿ ਅੱਛਾ ਮੈਂ ਉੱਪਰ ਸਿਫਾਰਸ਼ ਕਰਾਂਗਾ। ਜੋ ਇਸ ਬੀਬੀ ਨੂੰ ਰਿਹਾ ਕੀਤਾ ਜਾਵੇ ਨਹੀਂ ਤਾਂ ਕੋਈ ਖੁਦਾ ਕਹਿਰ ਸਾਡੇ ਉਪਰ ਨਾ ਆ ਪਵੇ।"

ਮਿ: ਬਰਨੇ ਦੀ ਪੰਜਾਬ ਦੇ ਗਵਰਨਰ ਨੂੰ ਲਿਖੀ ਹੋਈ ਰਿਪੋਰਟ ਉੱਤੇ ਗੌਰ ਕਰਦਿਆਂ ਸਰਕਾਰ ਨੇ ਸੂਬਾ ਬੀਬੀ ਹੁਕਮੀ ਜੀ ਨੂੰ ਰਿਹਾ ਕਰ ਦਿੱਤਾ। ਜੇਲ੍ਹ ਵਿੱਚੋਂ ਰਿਹਾ ਹੋ ਕੇ ਆਪ ਬੀਬੀ ਜਵਾਲਾ ਦੇਈ (ਪਤਨੀ ਸੰਤ ਕਾਲਾ ਸਿੰਘ) ਜੀ ਕੋਲ ਅੰਮ੍ਰਿਤਸਰ ਪਹੁੰਚੇ ਗਏ।ਕਾਫੀ ਚਿਰ



Sri Satguru Jagjit Singh Ji eLibrary NamdhariElibrary@gmail.com

ਇਹ ਦੋਵੇਂ ਬੀਬੀਆਂ ਇੱਕਠੀਆਂ ਰਹਿ ਕੇ ਭਜਨ, ਬਾਣੀ ਤੇ ਸਤਿਸੰਗ ਦਾ ਲਾਹਾ ਲੈਂਦੀਆਂ ਰਹੀਆਂ।

ਜਦੋਂ ਨਾਮਧਾਰੀ ਪੰਥ ਉੱਤੇ ਸਖਤੀਆਂ ਦਾ ਦੌਰ ਕੁਝ ਘਟਿਆ ਸਾਧ ਸੰਗਤ ਤੋਂ ਗੁਰੂ ਦਰਸ਼ਨਾਂ ਦੀਆਂ ਪਾਬੰਦੀਆਂ ਚੁੱਕੀਆਂ ਗਈਆਂ। ਸਤਿਗੁਰੂ ਜੀ ਦੇ ਦੌਰੇ ਵੱਖ-ਵੱਖ ਇਲਾਕਿਆਂ ਵਿੱਚ ਆਰੰਭ ਹੋਏ ਤਾਂ ਮਾਤਾ ਹੁਕਮੀ ਜੀ ਵੀ ਦੌਰਿਆਂ ਨਾਲ ਵਿਚਰਨ ਲੱਗੇ। ਮਾਈ ਗੁਰਦੇਈ ਨਾਲ ਰਲ ਕੇ ਆਪ ਆਸਾ ਦੀ ਵਾਰ ਦਾ ਕੀਰਤਨ ਕਰਦੇ। ਇਹ ਦੋਵੇਂ ਮਾਈਆਂ ਸਿਤਾਰ ਵਜਾਉਂਦੀਆਂ ਅਤੇ ਮਹੰਤ ਗੁਰਦਿਤ ਸਿੰਘ ਜੀ ਮੋਰੋਂ ਵਾਲੇ ਢੋਲਕ ਵਜਾਉਂਦੇ ਸਨ। 1897 ਈ: ਵਿੱਚ ਬਾਬਾ ਜਮੀਤ ਸਿੰਘ ਜੀ ਗਿੱਲਾਂ ਵਾਲਿਆਂ ਦੇ ਭੋਗ ਦੇ ਮੇਲੇ ਤੇ ਸਤਿਗੁਰੂ ਹਰੀ ਸਿੰਘ ਜੀ ਉੱਥੇ ਗਏ ਤੇ ਉਸ ਦੌਰੇ ਦਾ ਜਿਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿਤਰ ਉਪਦੇਸ਼ ਵਿੱਚ ਇਸ ਤਰ੍ਹਾਂ ਆਇਆ ਹੈ:-

"ਫਿਰ ਉਹਨੇ (ਸੰਤ ਭਗਤ ਸਿੰਘ ਦਾਤੇਵਾਲ) ਖੋਲ੍ਹ ਕੇ ਵਾਸਨੀ ਰੁਪਈਆ ਦੀ ਸੁੱਟ ਦਿੱਤੀ ਉੱਥੇ ਵਿੱਚ। ਗੁਰਦੇਈ, ਹੁਕਮੀ ਸਾਰੀਆਂ ਮਸਤਾਨੀਆਂ ਸੀ ਰਾਤ ਨੂੰ, ਦੀਵਾਨ ਲੱਗਾ ਉੱਥੇ।"

ਮਾਤਾ ਜੀ ਦੇ ਕਥਾ ਕੀਰਤਨ ਤੋਂ ਪ੍ਰਭਾਵਿਤ ਹੋ ਕੇ ਧੌਲਪੁਰ ਵਾਲੇ ਸਰਦਾਰ ਇਹਨਾਂ ਨੂੰ ਆਪਣੇ ਪਾਸ ਲੈ ਗਏ। ਜਿੱਥੇ ਉਹ ਇਹਨਾਂ ਸਰਦਾਰਾਂ ਦੇ ਪਰਵਾਰਾਂ ਦੀਆਂ ਬੀਬੀਆਂ ਨੂੰ ਰੋਜ਼ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੇ ਇਕ ਸ਼ਬਦ ਦੀ ਕਥਾ ਸੁਣਾਉਂਦੇ ਸਨ। ਅਨੇਕਾਂ ਇਸਤਰੀ ਪੁਰਸ਼ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਜਹਾਜ਼ ਤੇ ਸਵਾਰ ਹੋ ਗਏ। ਇਕ ਸਮੇਂ ਰਾਜਾ ਹੀਰਾ ਸਿੰਘ ਨਾਭੇ ਵਾਲਾ ਧੌਲਪੁਰ ਆਇਆ ਤਾਂ ਉਹ ਮਾਈ ਜੀ ਦੀ ਸ਼ਖਸੀਅਤ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਹਨਾਂ ਨੂੰ ਬੇਨਤੀ ਕਰਕੇ ਆਪਣੇ ਰਾਜ ਮਹੱਲਾਂ ਵਿੱਚ ਲੈ ਆਇਆ। ਕਥਾ ਕੀਰਤਨ ਦਾ ਪ੍ਰਵਾਹ ਚੱਲਣ ਲੱਗਿਆ। ਆਪ ਰੋਜ਼ ਸੁਖਮਨੀ ਸਾਹਿਬ ਦਾ ਪਾਠ ਰਾਜੇ ਹੀਰਾ ਸਿੰਘ ਨੂੰ ਸੁਣਾਉਂਦੇ ਸਨ। ਅਜਿਹਾ ਸਤਿਜੁਗੀ ਪ੍ਰਭਾਵ ਵੇਖ ਕੇ ਹਰ ਇੱਕ ਦਾ ਮਨ ਮੋਹਿਆ ਜਾਂਦਾ ਸੀ। ਜਿਸਦੀ ਬਦੌਲਤ ਆਪ ਨੂੰ ਹਰ ਇੱਕ ਮਹਾਤਮਾ ਜੀ ਕਹਿ ਕੇ ਪੂਜਣ ਲੱਗਿਆ। ਆਪ ਦਾ ਰਾਜੇ ਉਪਰ ਏਨਾ ਪ੍ਰਭਾਵ ਸੀ ਕਿ ਧਰਮ ਸਿੰਘ ਸੰਭੜੇਆਲ ਜੋ ਨਾਮਧਾਰੀ ਸਿੱਖ ਸੀ ਅਤੇ ਚੰਗੀ ਸੂਝਬੂਝ ਵਾਲਾ ਵੱਡਾ ਵਿਦਵਾਨ ਸੀ। ਉਸਨੂੰ ਲੱਸੀਖਾਨੇ ਵਿੱਚ ਅਹਿਲਕਾਰ ਰਖਵਾ ਦਿੱਤਾ ਗਿਆ ਅਤੇ ਪੰਜ ਹੱਲਾਂ ਦੀ ਜ਼ਮੀਨ ਧੌਲੇ ਪਿੰਡ ਵਿੱਚ ਦਿਵਾ ਦਿੱਤੀ।



Sri Satguru Jagjit Singh Ji eLibrary NamdhariElibrary@gmail.com

ਹੀਰਾ ਸਿੰਘ ਤੋਂ ਬਾਅਦ ਉਸਦਾ ਪੁੱਤਰ ਰਿਪੁਦਮਨ ਸਿੰਘ ਨਾਭੇ ਦੀ ਰਾਜ ਗੱਦੀ ਤੇ ਬੈਠਾ। ਤਿੰਨ ਵਿਆਹ ਕਰਵਾਉਣ ਦੇ ਬਾਵਜੂਦ ਵੀ ਉਸਨੂੰ ਪੁੱਤਰ ਰਤਨ ਦੀ ਪ੍ਰਾਪਤੀ ਨਾ ਹੋਈ। ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਮਾਈ ਮਹਾਤਮਾ ਦੁਆਰਾ ਅਰਦਾਸ ਕਰਨ ਤੇ ਇੱਕ ਪੁੱਤਰ ਦਾ ਜਨਮ ਹੋਇਆ। ਇਸ ਸਾਰੀ ਘਟਨਾ ਦਾ ਵੇਰਵਾ ਸੰਤ ਤਰਨ ਸਿੰਘ ਵਹਿਮੀ ਜੱਸ ਜੀਵਨ ਦੇ ਦੂਜੇ ਭਾਗ ਵਿੱਚ ਇਸ ਤਰ੍ਹਾਂ ਕਰਦੇ ਹਨ:-

"ਇਹ ਮਹਾਰਾਣੀ ਮੇਜਰ ਪ੍ਰੇਮ ਸਿੰਘ ਰਾਏ ਪੁਰੀਏ ਦੀ ਧੀ ਸੀ। ਬੜੀ ਸਤਸੰਗਣ ਸੀ। ਮਾਈ ਹੁਕਮੀ ਵੜ੍ਹਿਆਂ ਵਾਲੀ ਤੇ ਕਿਸ਼ਨੀ ਖੰਨੇ ਦੀ ਤੇ ਗੁਰਦੇਈ ਖੁੱਡੀ ਦੀ ਰਲ ਕੀਰਤਨ ਕਰਦੀਆਂ ਸੀ। ਗੁਰਦੇਈ ਦੀ ਸਰੋਜਨੀ ਦੇਵੀ ਨਾਲ ਸਾਕਾਦਾਰੀ ਸੀ ਤੇ ਇਸ ਰਾਜਰਾਣੀ ਨੂੰ ਬੱਚੇ ਦੀ ਥੁੜ ਸੀ ਤੇ ਮਹਾਤਮਾ ਹੁਕਮੀ ਏਕ ਸਮੇਂ ਨਾਭੇ ਗਿਆ ਕਿਹਾ ਸੀ, ਤੂੰ ਬਾਰ੍ਹਵੇਂ ਸਤਿਗੁਰੂ ਜੀ ਦੀ ਧਾਰਨਾ ਕਰ ਪੁੱਤਰ ਹੋਵੇਗਾ। ਰਾਣੀ ਭਜਨ ਪੁਛਿਆ ਸੀ ਮਹਾਂਤਮਾ ਤੋਂ ਤੇ ਕਿਹਾ ਸੀ, ਪੁੱਤਰ ਹੋਏ ਸਭ ਭੇਟਾ ਪੂਜਾ ਭੈਣੀ ਸਾਹਿਬ ਦੀ ਕਰਾਂਗੇ। ਗਰਭ ਹੋਏ ਰਾਜੇ ਮੇਮਾਂ ਤੋਂ ਪੇਟ ਸ਼ੀਸ਼ ਨਾਲ ਵਿਖਾਇਆ ਮੇਮਾਂ ਕਿਹਾ ਲੜਕੀ ਹੈ। ਮਹਾਤਮਾ ਕਹੇ ਲੜਕਾ ਹੈ ਕਿਉਂਕਿ ਮਹਾਤਮਾ ਨੂੰ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇ ਪੁੱਤਰ ਦਿੱਤਾ ਸੀ। ਮਹਾਤਮਾ ਕਿਹਾ ਸੀ ਮੈਨੂੰ ਤੇ ਲੋੜ ਨਹੀਂ ਤੇ ਬਚਨ ਹੋਇਆ ਸੀ ਕਿਸੇ ਰਾਜੇ ਨੂੰ ਦੇ ਦੇਹ। ਇਸ ਪ੍ਰਤੀਤ ਤੇ ਮਹਾਤਮਾ ਕਹਿੰਦੀ ਸੀ ਕਿ ਪੁੱਤਰ ਹੈ। ਟਿਕੇ ਜਨਮੇ ਤੇ ਰਿਪੁਦਮਨ ਸਿੰਘ ਅੰਮ੍ਰਿਤ ਛਕਾਨ ਵਾਲੇ ਦਿਨ ਸਭ ਨੂੰ ਟਿਕੇ ਦਾ ਦਰਸ਼ਨ ਕਰਾ ਕਿਹਾ, ਦੇਖੋ ਮੇਮਾਂ ਦਾ ਹਿਸਾਬ ਗਲਤ ਹੋਇਆ, ਮਹਾਤਮਾ ਦਾ ਬਚਨ ਪੂਰਾ ਹੋਇਆ।"

ਏਸੇ ਖੁਸ਼ੀ ਵਿੱਚ ਅਗਸਤ 1921 ਈ: ਨੂੰ ਮਹਾਰਾਜਾ ਨਾਭਾ ਨੇ ਇਕ ਰੋਲਜ਼ ਰਾਇਸ ਕਾਰ (ਜਿਸਦੀ ਕੀਮਤ ਉਸ ਵੇਲੇ 56,000 ਸੀ), ਕਿੰਨੀ ਹੀ ਮਾਇਆ, ਇਕ ਘੋੜਾ ਅਤੇ 1281 ਏਕੜ ਜ਼ਮੀਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੱਥਾ ਟੇਕੀ।

ਇਹ ਸਭ ਕੁਝ ਮਾਤਾ ਮਹਾਤਮਾ ਦੇ ਕਾਰਨ ਹੀ ਹੋ ਸਕਿਆ ਸੀ। ਸਾਰੀ ਉਮਰ ਗੁਰੂ ਦੇ ਹੁਕਮ ਵਿੱਚ ਜ਼ਿੰਦਗੀ ਬਿਤਾਉਣ ਵਾਲੇ ਜੀਵਨ ਮੁਕਤ, ਪਰਉਪਕਾਰੀ, ਧਰਮ ਮੂਰਤੀ ਮਾਤਾ ਮਹਾਤਮਾ ਜੀ ਨੇ ਇਕ ਚੇਤਰ 1979 ਬ੍ਰਿ: ਮੁਤਾਬਿਕ ਮਾਰਚ 1923 ਈ: ਵਿੱਚ ਇਸ ਅਸਾਰ ਸੰਸਾਰ ਨੂੰ ਅਲਵਿਦਾ ਕਹੀ।



Sri Satguru Jagjit Singh Ji eLibrary NamdhariElibrary@gmail.com

ਰਾਜ ਦਰਬਾਰ ਦੇ ਸ਼ਮਸ਼ਾਨਾਂ ਵਿੱਚ ਹੀ ਉਹਨਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਰਾਜੇ ਵੱਲੋਂ ਸਮਾਧ ਬਣਾਈ ਗਈ। ਜਿਸ ਉਤੇ ਇਹ ਸ਼ਬਦ ਉਕਰੇ ਗਏ:-

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਮਾਈ ਮਹਾਤਮਾ ਜੀ

ਸੂਬਾ ਹੁਕਮ ਕੌਰ ਜੀ ਦੀਆਂ ਦੇਸ਼ ਕੌਮ ਲਈ ਘਾਲੀਆਂ ਹੋਈਆਂ ਘਾਲਾਂ ਨੂੰ ਮੁਖ ਰਖਦੇ ਹੋਏ ਸ੍ਰੀਮਤੀ ਇੰਦਰਾ ਗਾਂਧੀ ਨੇ ਸੰਸਦ ਮਾਰਗ ਦਾ ਨਾਮ 'ਮਾਈ ਹੁਕਮੀ ਮਾਰਗ' ਰੱਖ ਕੇ ਉਹਨਾਂ ਦੀਆਂ ਯਾਦਾਂ ਨੂੰ ਸਦਾ ਵਾਸਤੇ ਸਾਡੇ ਦਿਲਾਂ ਵਿੱਚ ਕਾਇਮ ਕਰ ਦਿੱਤਾ ਹੈ। ਐਸੇ ਯੋਗੀਰਾਜ, ਪਰਮ ਵਿਰਕਤ ਮਾਤਾ ਜੀ ਨੂੰ ਸਾਡੀ ਕੋਟਿ ਕੋਟਿ ਪ੍ਰਣਾਮ।



Sri Satguru Jagjit Singh Ji eLibrary NamdhariElibrary@gmail.com

# ਬੀਬੀ ਭਾਗਣ ਜੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਦੀਆਂ ਪਾਤਰ ਬਣ ਕੇ ਕੌਮੀ ਆਜਾਦੀ ਤਹਿਰੀਕ ਵਿੱਚ ਹਿੱਸਾ ਪਾਉਣ ਵਾਲੀਆਂ ਮਹਾਨ ਦੇਵੀਆਂ ਦਾ ਇਤਿਹਾਸ ਬੜਾ ਵਿਸ਼ਾਲ ਹੈ। ਇਨ੍ਹਾਂ ਮਹਾਨ ਪੂਜਨੀਕ ਇਸਤਰੀਆਂ ਨੇ ਆਪਣਾ ਤਨ ਮਨ ਧਨ ਗੁਰੂ ਹੁਕਮ ਤੋਂ ਵਾਰ ਕੇ ਦੇਸ਼ ਦੀ ਆਨ ਅਤੇ ਸ਼ਾਨ ਨੂੰ ਚਮਕਾਇਆ ਅੰਗ੍ਰੇਜ਼ ਰਾਜ ਦੀਆਂ ਸਖ਼ਤੀਆਂ ਨਾਲ ਜੂਝ ਕੇ ਆਪਣੀ ਕੌਮ ਦੀ ਗੈਰਤ ਨੂੰ ਚਾਰ ਚੰਨ ਲਾਉਣ ਵਾਲੀਆਂ ਇਨ੍ਹਾਂ ਮਾਤਾਵਾਂ ਵਿੱਚੋਂ ਇੱਕ ਪੂਜਣ ਯੋਗ ਨਾਮ ਹੈ "ਮਾਈ ਭਾਗਣ"

ਮਾਈ ਭਾਗਣ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਤਰਨਤਾਰਨ ਨਜ਼ਦੀਕ ਵੱਸਦੇ ਪਿੰਡ ਸਾਹਿਬਾਜਪੁਰ ਵਿਖੇ 19ਵੀ ਸਦੀ ਦੇ ਆਰੰਭਲੇ ਵਰ੍ਹਿਆਂ ਵਿੱਚ ਹੋਇਆ। ਧਰਮ, ਸਿੱਖੀ, ਸਿਦਕ, ਦਲੇਰੀ ਅਤੇ ਸੇਵਾ ਦੀ ਮੂਰਤੀ ਮਾਈ ਭਾਗਣ ਦਾ ਜੀਵਨ ਬੇਮਿਸਾਲ ਹੈ। ਆਪ ਦਾ ਵਿਆਹ 15 ਕੁ ਸਾਲ ਦੀ ਉਮਰ ਵਿੱਚ ਮਾਝੇ ਦੇ ਮਸ਼ਹੂਰ ਨਗਰ ਅਟਾਰੀ ਸ਼ਾਮ ਸਿੰਘ ਵਿਖੇ ਹੋਇਆ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ 20 ਕੁ ਸਾਲ ਦੀ ਉਮਰ ਵਿੱਚ ਹੀ ਪਤੀ ਦੇ ਅਕਾਲ ਚਲਾਣੇ ਦੀ ਅਸਹਿ ਸੱਟ ਆਪ ਜੀ ਦੇ ਸਿਰ ਵਿੱਚ ਵੱਜੀ। ਮਨ ਵੈਰਾਗੀ ਹੋ ਗਿਆ। ਅਟਾਰੀ ਦੇ ਹੀ ਰਹਿਣ ਵਾਲੇ ਇੱਕ ਉਦਾਸੀ ਮਹਾਤਮਾ ਪਾਸੋਂ ਆਪ ਜੀ ਨੇ ਵਿੱਦਿਆ ਦਾ ਪਠਨ ਪਾਠਨ ਆਰੰਭ ਕੀਤਾ। ਇਸ ਤਰ੍ਹਾਂ ਥੋੜ੍ਹੇ ਹੀ ਸਮੇਂ ਵਿੱਚ ਆਪ ਨੇ ਗੁਰਬਾਣੀ ਅਤੇ ਵੇਦਾਂਤ ਵਿੱਦਿਆ ਦਾ ਮਹਾਨ ਖ਼ਜਾਨਾ ਗ੍ਰਹਿਣ ਕਰ ਲਿਆ।

ਸਾਧ ਸੰਗਤ ਦੀ ਸੇਵਾ ਅਤੇ ਗੁਰਬਾਣੀ ਨੂੰ ਹੀ ਆਪਣਾ ਜੀਵਨ ਆਦਰਸ਼ ਬਣਾ ਲਿਆ। ਆਪ ਹਰ ਰੋਜ਼ ਜਪੁਜੀ ਸਾਹਿਬ ਦੇ 25 ਪਾਠ ਕਰਕੇ ਹੀ ਪਰਸ਼ਾਦਾ ਛਕਦੇ ਸਨ। ਲੂਣ, ਮਿਰਚ ਦਾ ਵੀ ਤਿਆਗ ਕਰ ਦਿੱਤਾ। ਇੱਥੇ ਕਹਿੰਦੀਆਂ ਹੀ ਮਾਈ ਭਾਗਣ ਜੀ ਦਾ ਮਿਲਾਪ ਬੀਬੀ ਹੁਕਮੀ ਜੀ ਨਾਲ ਹੋਇਆ। ਉਹਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜੱਸ ਆਪ ਨੂੰ ਸੁਣਾਇਆ। ਉਨ੍ਹਾਂ ਦੇ ਦੱਸਣ ਦੇ ਕੱਕੜ ਨਗਰ ਵਿੱਚ ਜਾ ਸਤਿਗੁਰੂ ਜੀ ਦੇ ਪਾਵਨ ਸਪਰਸ਼ ਕੀਤੇ। ਨਾਮ ਦੀ ਦਾਤ ਪ੍ਰਾਪਤ ਕਰਕੇ ਇਹ ਮਾਤਾ ਪਰਮ ਆਨੰਦਿਤ ਹੋ ਗਿਆਨ ਖੰਡ ਵਿੱਚ ਵਿਚਰਨ ਲੱਗੀ। ਮਾਈ ਭਾਗਣ ਦਾ ਕੱਦ ਛੇ ਫੁੱਟ, ਭਰਵਾਂ ਜੁੱਸਾ ਅਤੇ ਮੱਥੇ ਤੇ ਰੱਬੀ ਜਲਾਲ ਚਮਕਾਂ ਮਾਰਦਾ ਸੀ।



Sri Satguru Jagjit Singh Ji eLibrary NamdhariElibrary@gmail.com

ਆਪ ਜੀ ਨੇ ਨਾਮ ਦੀ ਦਾਤ 1863 ਈ: ਦੇ ਆਰੰਭ ਵਿੱਚ ਪ੍ਰਾਪਤ ਕੀਤੀ। ਇਥੋਂ ਹੀ ਚੱਲ ਕੇ ਸਤਿਗੁਰੂ ਜੀ ਸਿਆੜ੍ਹ ਨੂੰ ਗਏ ਜਿਥੇ ਜਾ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ (1 ਜੂਨ 1863 ਈ:) ਬਖ਼ਸ਼ਿਸ਼ ਕੀਤੀ। ਉਸ ਵੇਲੇ ਇਸ ਭਾਗਾਂ ਵਾਲੀ ਮਾਈ ਨੇ ਅੰਮ੍ਰਿਤ ਪਾਨ ਕੀਤਾ ਅਤੇ ਸਿਰ ਤੇ ਦਸਤਾਰ ਸਜਾਈ। ਆਪ ਜੀ ਦਾ ਜਿਆਦਾ ਸਮਾਂ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੀਤਣ ਲੱਗਾ। ਆਪ ਨੇ ਆਪਣੀ ਸਾਰੀ ਨਗਦ ਪੂੰਜੀ ਅਤੇ ਜੇਵਰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਗੁਰੂ ਕੇ ਲੰਗਰ ਵਿੱਚ ਪਾ ਦਿੱਤੇ। ਪ੍ਰੇਮ ਨਾਲ ਲੰਗਰ ਦੇ ਜੂਠੇ ਬਰਤਨ ਮਾਂਜਨੇ, ਝਾੜੂ ਫੇਰਨਾ ਅਤੇ ਹੱਥੀਂ ਆਟਾ ਪੀਸ ਕੇ ਲੰਗਰ ਵਿੱਚ ਪਾਉਣ ਦੀ ਸੇਵਾ ਨਿਭਾਉਣ ਲੱਗੇ। ਅੰਮ੍ਰਿਤ ਵੇਲੇ 2 ਵਜੇ ਉੱਠ ਇਸ਼ਨਾਨ ਕਰ ਪੰਜ ਮਾਲਾ ਭਜਨ ਦੀਆਂ ਫਿਰ ਪੰਜ ਗ੍ਰੰਥੀ ਦਾ ਪਾਠ ਕਰਨ ਉਪਰੰਤ ਹੀ ਅੱਠ ਪਹਿਰਾ ਲੰਗਰ ਛਕਦੇ। ਲੰਗਰ ਵਾਸਤੇ ਦਾਲਾ ਦਲਣਾ, ਸਤਿਗੁਰੂ ਜੀ ਦੇ ਬਸਤਰ ਸਾਫ ਕਰਨੇ ਉਹਨਾਂ ਦਾ ਨਿੱਤ ਕਰਮ ਸੀ। ਜਦੋਂ ਸਤਿਗੁਰੂ ਜੀ ਦੌਰੇ ਤੇ ਜਾਂਦੇ ਤਾਂ ਮਾਈ ਘੋੜਿਆਂ ਦੇ ਨਾਲ ਦੌੜਦੀ। ਇਸ ਬਾਰੇ ਸਤਿਗੁਰੂ ਬਿਲਾਸ ਦੇ ਕਰਤਾ ਸੰਤ ਸੰਤੋਖ ਸਿੰਘ ਜੀ ਬਾਹੋਵਾਲ ਲਿਖਦੇ ਹਨ:-

''ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਪਊਏ ਤੇ ਜੋੜਾ ਚੁੱਕ (ਭਾਗਣ) ਘੋੜਿਆਂ ਨਾਲ ਜਾਂਦੀ ਸੀ। ਜਦੋਂ ਸਤਿਗੁਰੂ ਜੀ ਪਊਏ ਲਾਹੁੰਦੇ ਤਾਂ ਜੋੜਾ ਹਾਜਰ ਕਰਦੀ। ਜਦ ਜੋੜਾ ਲਾਹੁੰਦੇ ਤਾਂ ਪਊਏ ਹਾਜ਼ਰ ਕਰਦੀ।''

ਇਸ ਤਰ੍ਹਾ ਮਾਈ ਨੇ ਮਾਝੇ, ਦੁਆਬੇ ਅਤੇ ਦੜਪ ਦੇ ਦੌਰਿਆਂ ਸਮੇਂ ਸਤਿਗੁਰੂ ਜੀ ਦੇ ਹਜ਼ੂਰੀ ਜਥੇ ਵਿੱਚ ਰਹਿ ਕੇ ਸੇਵਾ ਕੀਤੀ। ਜਦ ਆਪ ਲੰਗਰ ਵਰਤਾਉਣ ਲੱਗਦੇ ਤਾਂ ਲੋੜਵੰਦਾਂ ਨੂੰ ਰਜਾ -2 ਕੇ ਛਕਾਉਂਦੇ। ਕਦੇ ਸ਼ਕਰ ਘਿਓ ਵੀ ਵਰਤਾਇਆ ਕਰਦੇ। ਪਰ ਆਪ ਜੀ ਦੇ ਹੱਥਾਂ ਵਿੱਚ ਐਸੀ ਬਰਕਤ ਸੀ ਕਿ ਪਦਾਰਥ ਮੁੱਕਦਾ ਹੀ ਨਾ। ਪਿੰਡਾਂ ਵਿੱਚੋਂ ਲੰਗਰ ਵਾਸਤੇ ਗੁੜ ਅਤੇ ਘਿਓ ਖਰੀਦ ਕੇ ਲਿਆਉਣ ਦੀ ਸੇਵਾ ਵੀ ਮਾਈ ਭਾਗਣ ਹੀ ਕਰਦੀ। ਜਦੋਂ ਸਤਿਗੁਰੂ ਜੀ ਭਾਰਤ ਭੂਮੀ ਦੀਆਂ ਗੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਤੋੜਨ ਲਈ 18 ਜਨਵਰੀ 1872 ਈ: ਨੂੰ ਸ੍ਰੀ ਭੈਣੀ ਸਾਹਿਬ ਤੋਂ ਚਾਲੇ ਪਾਏ ਤਾਂ ਮਾਤਾ ਭਾਗਣ ਵੀ ਉਸ ਵੇਲੇ ਸ੍ਰੀ ਭੈਣੀ ਸਾਹਿਬ ਹੀ ਸਨ। ਡੀ. ਸੀ. ਕਾਵਨ ਦੇ ਹੁਕਮ ਅਨੁਸਾਰ ਕਰਨਲ ਬੇਲੀ ਜਦੋਂ ਡੇਰੇ ਵਿੱਚ ਵੱਸਦੇ ਸਰੀਰਾਂ ਨੂੰ ਲੁਧਿਆਣੇ ਲਿਜਾਉਣ ਵਾਸਤੇ ਗੁਰਦੁਆਰੇ ਵਿੱਚ ਆਇਆ ਤਾਂ ਜਿਥੇ ਉਸਦੇ ਭੁੱਖੇ ਅਤੇ ਬੇਦੀਨ ਸਿਪਾਹੀਆਂ ਮੰਦਰ ਅਤੇ ਲੰਗਰ ਦੀ ਬੇ-ਹੁਰਮਤੀ ਕੀਤੀ। ਉੱਥੇ ਇੱਕਠੇ ਹੋਏ ਸਰੀਰਾਂ ਨੂੰ ਭੇਡਾਂ ਬੱਕਰੀਆਂ ਵਾਂਗ ਹੱਕ ਦੇ ਬਾਹਰ ਕੱਢਣਾ ਸ਼ੁਰੂ ਕੀਤਾ। ਨੰਬਰਦਾਰ ਘੁਮੰਡੇ ਨੇ ਇਕ ਬਜੁਰਗ ਕੇਸਰ ਸਿੰਘ ਨੂੰ ਜਦੋਂ ਜੋਰ ਦੀ ਧੱਕਾ ਮਾਰਿਆ ਤਾਂ



Sri Satguru Jagjit Singh Ji eLibrary NamdhariElibrary@gmail.com

ਤਾਂ ਅਣਖ ਅਤੇ ਗੈਰਤ ਦੀ ਪੁਤਲੀ ਮਾਈ ਭਾਗਣ ਇਹ ਸਭ ਕੁਝ ਸਹਾਰ ਨਾ ਸਕੀ। ਸਤਿਗੁਰੂ ਰਾਮ ਸਿੰਘ ਜੀ ਦੀ ਇਸ ਸ਼ੀਹਣੀ ਨੇ ਘੁਮੰਡੇ ਨੂੰ ਸਬਕ ਸਿਖਾਉਣ ਲਈ ਜਦੋਂ ਹੱਥ ਚੁੱਕਿਆ ਤਾਂ ਬੀਬੀ ਹੁਕਮੀ ਨੇ ਸਮੇਂ ਦੀ ਵਿਚਾਰ ਕਰਨ ਵਲੋਂ ਕਹਿ ਕੇ ਆਪ ਦਾ ਹੱਥ ਫੜ ਲਿਆ। ਡੇਢ ਸੌ ਦੇ ਕਰੀਬ ਬਜ਼ੁਰਗ, ਬੱਚੇ, ਇਸਤਰੀਆਂ, ਮਰਦਾਂ ਨੂੰ ਲੁਧਿਆਣੇ ਲਿਜਾ ਕੇ ਗੋਰੇ ਹਾਕਮਾਂ ਵਲੋਂ ਹੁਕਮ ਦਿੱਤਾ ਗਿਆ ਕਿ ਸਭ ਆਪਣੇ -2 ਘਰਾਂ ਨੂੰ ਚਲੇ ਜਾਓ। ਵਾਪਿਸ ਭੈਣੀ ਕੋਈ ਨਾ ਜਾਵੇ ਤਾਂ ਬਹੁਤ ਸਾਰੇ ਸਰੀਰਾਂ ਨੇ ਆਖਿਆ ਸਾਡਾ ਗੁਰੂ ਘਰ ਤੋਂ ਬਗੈਰ ਕੋਈ ਘਰ ਹੀ ਨਹੀਂ। ਜਮਾਨਤਾਂ ਲੈ ਕੇ ਜਿਹੜੇ ਸਰੀਰਾਂ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ ਗਿਆ ਉਹਨਾਂ ਵਿੱਚ ਮਾਈ ਭਾਗਣ ਵੀ ਸ਼ਾਮਲ ਸੀ। ਇਸ ਤਰ੍ਹਾਂ ਮਾਤਾ ਭਾਗਣ ਵੀ ਡੇਰੇ ਵਿੱਚ ਪੁਲਿਸ ਦੀ ਨਜਰਬੰਦੀ ਅਧੀਨ ਰਹੇ ਲੰਗਰ ਦੀ ਸੇਵਾ ਗੁਰੂ ਹਰੀ ਸਿੰਘ ਜੀ ਦੇ ਪ੍ਰਗਟ ਹੋਣ ਤੱਕ ਆਪ ਜੀ ਦੇ ਹੀ ਜ਼ਿੰਮੇ ਰਹੀ। ਇਸ ਤੋਂ ਬਾਅਦ ਮਾਈ ਭਾਗਣ ਦੀ ਸੇਵਾ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਲਗ ਗਈ ਆਪ ਸਤਿਗੁਰੂ ਜੀ ਦੇ ਇਸ਼ਨਾਨ ਵਾਸਤੇ ਜਲ ਭਰਨ ਦੀ ਸੇਵਾ ਨਿਰੰਤਰ ਨਿਭਾਉਂਦੇ ਰਹੇ। ਸਤਿਗੁਰੂ ਜੀ ਦੇ ਬਸਤ੍ਰ ਅਤੇ ਜੋੜੇ ਸਾਂਭਦੇ ਗੁਰੂ ਚਰਨਾਂ ਨਾਲ ਮਾਈ ਦੀ ਇਨੀ ਨੇੜਤਾ ਸੀ ਇਸ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ਼ ਵਿੱਚ ਬੈਠੇ ਹੋਏ ਵੀ ਗੁਰਸਿੱਖੀ ਦੇ ਮਜੀਠੀ ਰੰਗ ਵਿੱਚ ਰੰਗੀ ਆਪਣੀ ਪਿਆਰੀ ਸੇਵਕਾ ਨੂੰ ਇੰਝ ਯਾਦ ਕਰਦੇ ਹਨ:-

"ਬੀਬੀ ਨੰਦਾ ਨੂੰ, ਸਾਹਬੋ, ਭੋਲੀ, ਸੁਖਾ, ਭਾਗੋ, ਉਤਮੀ, ਭਾਗਣ ਹੋਰ ਸਰਵਤ ਕੋ ਰਾਮਸਤ ਬੁਲਾਈ ਬਾਚਨੀ ਜੀ।" (ਹੁਕਮਨਾਮਾ ਨੰ: 17)

ਮਾਤਾ ਭਾਗਣ ਦੇ ਵਿਸ਼ਵਾਸ, ਸੇਵਾ, ਸ਼ਰਧਾ ਅਤੇ ਨਿਧੜਕਤਾ ਬਾਰੇ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਇਸ ਤਰ੍ਹਾਂ ਲਿਖਦੇ ਹਨ:-

ਮਾਈ ਭਾਗਣ ਲੋਹ ਦੇ ਆਸੇ ਪਾਸੇ ਦੀ ਰਾਖ ਬੁਹਾਰੀ ਨਾਲ ਇੱਕਠੀ ਕਰਕੇ ਸੁਆਸ ਕਾਸ ਦੇ ਰੋਗੀਆਂ ਨੂੰ ਦੇ ਕੇ ਰਾਜੀ ਕਰ ਦੇਂਦੇ ਸਨ। ਗੁਰੂ ਹਰੀ ਸਿੰਘ ਦੇ ਜੋੜਿਆਂ ਦੀ ਧੂੜ ਸੋਕੜੇ ਵਾਲੇ ਬਚਿਆਂ ਨੂੰ ਦੇ ਕੇ ਅਠਰਾਹ ਦੀ ਬਿਮਾਰੀ ਹਟਾ ਦੇਂਦੀ ਸੀ। ਅਨੇਕਾਂ ਬੱਚੇ ਹਿੰਦੂ। ਮੁਸਲਮਾਨਾਂ ਦੇ ਰਾਜੀ ਕੀਤੇ ਬੇਟ ਦੇ ਹਿੰਦੂ, ਮੁਸਲਮਾਨ ਆਪ ਦੇ ਸੇਵਕ ਵੀ ਸਨ। ਚੁਰਾਸੀ ਸਾਲ ਦੀ ਉਮਰ ਵਿੱਚ ਮਾਈ ਦੇ ਨੇਤਰਾਂ ਦੀ ਜੋਤ ਬੰਦ ਹੋ ਗਈ ਸੀ। ਮਾਈ ਭਾਗਣ ਫੇਰ ਵੀ ਸੰਗਤਾਂ ਦੇ



Sri Satguru Jagjit Singh Ji eLibrary NamdhariElibrary@gmail.com

ਜੂਠੇ ਬਰਤਨਾਂ ਦੀ ਸੇਵਾ ਕਰਦੇ ਹੁੰਦੇ ਸਨ ਮਾਈ ਭਾਗਣ, ਮਾਈ ਘੁਲੀ, ਮਾਈ ਖੇਮੀ, ਮਾਈ ਭਗਵਾਨ ਕੌਰ, ਮਾਈ ਠਾਕੁਰੀ ਚਮਸੌਰ ਵਾਲੀ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਪੜਦੀਆਂ ਅਤੇ ਫੇਰ ਲੰਗਰ ਦਾ ਆਟਾ ਪੀਂਹਦੀਆਂ ਅਤੇ ਭਜਨ ਕਰਦੀਆਂ ਸਨ।

ਇੱਕ ਸਮੇਂ ਬਾਰਬਟਨ ਪੁਲਿਸ ਕਪਤਾਨ ਡੇਰੇ ਦੇ ਸਿੰਘਾਂ ਦੀ ਤਫ਼ਤੀਸ਼ ਕਰਨ ਵਾਸਤੇ ਆਇਆ ਕਿ ਡੇਰੇ ਵਿੱਚ ਕਿਤਨੇ ਕੁ ਸਿੰਘ ਰਹਿੰਦੇ ਹਨ। ਸਾਰੇ ਸਿੰਘਾਂ ਦੀ ਹਾਜ਼ਰੀ ਲਿਖੀ ਗਈ। ਫਿਰ ਬਾਰਬਟਨ ਸੁੱਖੂ ਤੇ ਨੰਬਰਦਾਰ ਘੁਮੰਡਾ ਨਾਲ ਗੁਰੂ ਹਰੀ ਸਿੰਘ ਜੀ ਦੇ ਜਾ ਦਰਸ਼ਨ ਕੀਤੇ। ਪੁਲਿਸ ਕਪਤਾਨ ਬੋਲਿਆ ਕਿ ਮੈਨੂੰ ਮਾਈ ਭਾਗਣ ਕੋਠੇ ਤੇ ਚੜ੍ਹ ਕੇ ਗਾਲ੍ਹਾ ਕੱਢਦੀ ਰਹਿੰਦੀ ਹੈ, ਮੈਨੂੰ ਨੰਬਰਦਾਰਾਂ ਨੇ ਇਹ ਗੱਲ ਦੱਸੀ ਹੈ। ਮੈਂ ਉਸਦਾ ਕੀ ਵਿਗਾੜਿਆ ਹੈ? ਗੁਰੂ ਹਰੀ ਸਿੰਘ ਜੀ ਨੇ ਮਾਈ ਭਾਗਣ ਦੇ ਪਾਸੋਂ ਪੁਛਿਆ ਕਿ ਬਾਰਬਟਨ ਸਾਹਿਬ ਆਖ ਰਿਹਾ ਹੈ ਕਿ ਭਾਗਣ ਮੈਨੂੰ ਕੋਠੇ ਤੇ ਚੜ੍ਹ ਕੇ ਗਾਲ੍ਹਾਂ ਕੱਢਦੀ ਹੈ। ਮਾਈ ਭਾਗਣ ਨੇ ਕਿਹਾ, ''ਕਿਉਂ ਵੇ ਬਾਰਬਟਨਾ! ਹਰਾਮੀਆਂ, ਕੁੱਤਿਆਂ, ਜੱਗੋਂ ਖਾਲੀ ਜਾਣਿਆ, ਤੂੰ ਤੇ ਬੜੇ ਜ਼ੁਲਮ ਕੀਤੇ ਹਨ, ਸੈਤਾਨਾ। ਕਿਹੜਾ ਨੰਬਰਦਾਰ ਕਹਿੰਦਾ ਹੈ ਕਿ ਭਾਗਣ ਤੈਨੂੰ ਗਾਲ੍ਹਾਂ ਕੱਢਦੀ ਹੈ? ਮੇਰਾ ਤੇਰਾ ਕੋਈ ਵੰਡ ਵਿਹਾਰ ਨਾ।'' ਇਹ ਸੁਣ ਕੇ ਬਾਰਬਟਨ ਸ਼ਰਮਿੰਦਾ ਹੋ ਕੇ ਬੋਲਿਆ, ''ਬਾਬਾ ਗੁਰੂ ਜੀ ! ਤੂੰ ਵੀ ਧੰਨ ਹੈਂ ਤੇ ਮਾਈ ਭਾਗਣ ਵੀ ਧੰਨ ਹੈ। ਨਾ ਤੁਸੀਂ, ਤੇ ਨਾ ਏਸ ਨੇ ਮੈਨੂੰ ਕਦੀ ਵੀ ਗਾਲ੍ਹਾਂ ਨਹੀਂ ਕੱਢੀਆਂ। ਮੇਰੇ ਨਾਲ ਤੁਸੀਂ ਚੰਗੀ ਕਰਵਾਈ ਹੈ।'' ਬਾਰਬਟਨ ਤੇ ਦੋਵੇਂ ਨੰਬਰਦਾਰ ਸੁੱਖੂ ਤੇ ਘੁਮੰਡਾ ਖੱਚ ਹੋ ਕੇ ਤੁਰ ਪਏ। ਮਾਈ ਭਾਗਣ ਆਪਣੀ ਕੋਠੜੀ ਵਿੱਚ ਜਾ ਕੇ ਭਜਨ ਕਰਨ ਲੱਗ ਪਈ।

ਬਾਹੋਵਾਲ ਦੇ ਕਥਨ ਦੇ ਅਨੁਸਾਰ -ਮਾਈ ਭਾਗਣ ਦੇ ਸੌ ਸਾਲ ਤੋਂ ਉਪਰ ਉਮਰ ਵਿੱਚ ਦੰਦ ਦੁਬਾਰਾ ਉੱਗੇ ਸਨ। 110 ਵਰ੍ਹਿਆਂ ਦੀ ਲੰਬੀ ਆਰਜਾ ਭੋਗਣ ਵਾਲੀ ਇਹ ਮਾਈ ਨੇਤਰਾਂ ਦੀ ਜੋਤ ਨਾ ਹੁੰਦਿਆਂ ਸਭ ਤੋਂ ਪਹਿਲਾਂ ਇਸ਼ਨਾਨ ਕਰ ਕੇ ਨਾਮ ਸਿਮਰਨ ਵਿੱਚ ਜੁੜ ਜਾਂਦੀ ਸੀ। ਮਾਤਾ ਨੇ ਅੰਤਲੇ ਸਾਹਾਂ ਤੱਕ ਸ੍ਰੀ ਭੈਣੀ ਸਾਹਿਬ ਹੀ ਨਿਵਾਸ ਰੱਖਿਆ ਸਿਖੀ ਪ੍ਰੇਮ, ਸੇਵਾ ਅਤੇ ਸਿਦਕ ਦੀ ਸਾਕਾਰ ਮੂਰਤੀ ਮਾਈ ਭਾਗਣ ਜੀ 1912 ਵਿੱਚ ਸਚਖੰਡ ਜਾ ਬਿਰਾਜੇ।

- ਲੇਖਕ : ਜਥੇਦਾਰ ਨਿਸ਼ਾਨ ਸਿੰਘ



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com